# ਪੋੜੀ 2

**ਕੇਂਦਰੀ ਭਾਵ: ਹਉਮੈ ਨੂੰ ਕਿਵੇਂ ਮਿਟਾਇਆ ਜਾਏ?**

ਸੰਸਾਰ ਵਿੱਚ ਜੋ ਕੁਝ ਵੀ ਹੋ ਰਿਹਾ ਹੈ ਇਹ ਸਾਰਾ ਕਰਤਾ ਪੁਰਖ ਦਾ ਖੇਡ ਹੈ। ਇਹ ਸਾਰੀ ਖੇਡ ਉਸਦੇ ਹੁਕਮ ਅਨੁਸਾਰ ਹੀ ਚੱਲ ਰਹੀ ਹੈ। ਜਿਵੇਂ ਹੁਕਮੀ ਸਾਡੀ ਸਮਝ ਤੋਂ ਪਰੇ ਹੈ, ਉਸਨੂੰ ਅਸੀਂ ਵਰਨਣ ਨਹੀਂ ਕਰ ਸਕਦੇ, ਤਿਵੇਂ ਹੁਕਮ ਦਾ ਵਰਨਣ ਵੀ ਨਹੀਂ ਹੋ ਸਕਦਾ। ਪਰ ਉਸ ਹੁਕਮ ਦੁਆਰਾ ਜੋ ਕੁਝ ਹੋ ਰਿਹਾ ਹੈ ਉਸ ਦਾ ਕੁਛ ਜ਼ਿਕਰ ਗੁਰੂ ਨਾਨਕ ਸਾਹਿਬ ਕਰਦੇ ਹਨ :-

ਹੁਕਮੀ ਨਿਰ ਆਕਾਰ ਹੈ; ਪਰ ਜਿਤਨੇ ਦਿੱਖ ਜਾਂ ਅਦਿੱਖ ਆਕਾਰ ਹਨ ਸਭ ਉਸਦੇ ਹੁਕਮ ਦੁਆਰਾ ਹੋਏ ਹਨ। ਜਦੋਂ ਮਨੁੱਖ ਨੇ ਕੋਈ ਵਸਤੂ ਬਨਾਣੀ ਹੁੰਦੀ ਹੈ ਤਾਂ ਪਹਿਲਾਂ ਉਸਦਾ ਰੇਖਾ ਚਿੱਤਰ ਬਣਾ ਲੈਂਦਾ ਹੈ। ਫਿਰ ਰੇਖਾ ਚਿੱਤਰ ਅਨੁਸਾਰ ਉਸਦਾ ਢਾਂਚਾ ਤਿਆਰ ਕਰ ਲਿਆ ਜਾਂਦਾ ਹੈ।ਢਾਂਚਾ ਤਿਆਰ ਹੋਣ ਤੋਂ ਬਾਅਦ ਉਸ ਵਿੱਚ ਲੱਗਣ ਵਾਲੇ ਪੁਰਜ਼ਿਆਂ ਦੀ ਆਮਦ ਕਰ ਲਈ ਜਾਂਦੀ ਹੈ। ਸਾਰੇ ਪੁਰਜ਼ਿਆਂ ਨੂੰ ਢਾਂਚੇ ਵਿੱਚ ਚੜਾਉਣ ਤੋਂ ਬਾਅਦ ਪੂਰੀ ਵਸਤ ਤਿਆਰ ਹੋ ਜਾਂਦੀ ਹੈ। ਪਰ ਕਰਤਾ ਪੁਰਖ ਦੀ ਸਾਰੀ ਖੇਡ ਚਮਤਕਾਰ, ਵਿਸਮਾਦ ਨਾਲ ਭਰੀ ਹੈ। ਸਾਰੇ ਆਕਾਰ ਫਿਰ ਚਾਹੇ ਉਹ ਜੀਵ ਜੰਤੂਆਂ ਦੇ ਹੋਣ ਜਾਂ ਬਨਸਪਤਿ ਆਦਿ ਦੇ, ਉਸ ਨਿਰਾਕਾਰ ਤੋਂ ਉਸਦੇ ਹੁਕਮ ਅਨੁਸਾਰ ਆਂਉਦੇ ਹਨ। ਉਸ ਨਿਰਾਕਾਰ ਦੇ ਬਣਾਏ ਹੋਏ ਆਕਾਰ ਵਿੱਚ ਲੱਗਣ ਵਾਲੇ ਬੇਸ਼ਕੀਮਤੀ ਅੰਗ ਉਸਦੇ ਹੁਕਮ ਅਨੁਸਾਰ ਹੀ ਘੜੇ ਜਾਂਦੇ ਹਨ। ਉਹਨਾਂ ਦੀ ਆਮਦ ਕਿਸੇ ਬਾਜ਼ਾਰ ਜਾਂ ਬਾਹਰੀ ਸਰੋਤ ਤੋਂ ਨਹੀਂ ਬਲਕਿ ਇਹੀ ਮਿੱਟੀ, ਹਵਾ, ਪਾਣੀ, ਅੱਗ ਅਤੇ ਅਕਾਸ਼ ਤੋਂ ਹੁੰਦੀ ਹੈ।

ਮਨੁੱਖ ਆਪਣੀ ਤੁੱਛ ਬੁੱਧੀ ਨਾਲ ਛੋਟੇ ਘੇਰੇ ਵਿੱਚ ਸੋਚਦਾ ਹੋਏ ਸਮਝਦਾ ਹੈ ਕਿ ਸਾਡਾ ਜਨਮ ਮਾਤਾ ਪਿਤਾ ਤੋਂ ਹੋਇਆ ਹੈ ਜਦੋਂ ਕਿ ਸਚਾਈ ਤਾਂ ਇਹ ਹੈ ਅਸੀਂ ਮਾਤਾ ਪਿਤਾ ਤੋਂ ਆਏ ਹਾਂ ਉਨ੍ਹਾਂ ਤੋਂ ਪੈਦਾ ਨਹੀਂ ਹੋਏ। ਉਹ ਤੁਹਾਡੇ ਆਉਣ ਦਾ ਮਾਰਗ ਹਨ। ਪਰ ਉਹ ਤੁਹਾਡੇ ਜਨਮ ਦਾਤਾ ਨਹੀਂ ਹਨ। ਤੁਸੀਂ ਉਹਨਾਂ ਚੋਂ ਲੰਘੇ ਹੋ ਕਿਉਂਕਿ ਤੁਹਾਡੀ ਦੇਹ ਨੂੰ ਬਨਾਉਣ ਦੀ ਸਮਰੱਥਾ ਉਨ੍ਹਾਂ ਦੇ ਅੰਦਰ ਸੀ। ਅਤੇ ਇਹ ਸਮਰੱਥਾ ਵੀ ਉਸ ਪਰਮਾਤਮਾ ਦੀ ਬਖ਼ਸ਼ੀ ਹੋਈ ਹੈ। ਪਰ ਜਿਸ ਨੇ ਉਸ ਦੇਹ ਦੇ ਅੰਦਰ ਪ੍ਰਵੇਸ਼ ਕੀਤਾ ਹੈ, ਉਹ ਪਾਰ ਤੋਂ ਉਸਦੇ ਹੁਕਮ ਅਨੁਸਾਰ ਅਇਆ ਹੈ।

ਮਨੁੱਖ ਨੂੰ ਛਡੋ, ਜਾਨਵਰਾਂ ਕੋਲ ਕਿਹੜੀ ਸਮਝ, ਵਿਵਸਥਾ ਹੈ ਕਿ ਉਹ ਪਹਿਲਾਂ ਆਕਾਰ ਬਣਾ ਲੈਣ ਫਿਰ ਉਸ ਵਿੱਚ ਅੱਖਾਂ, ਨੱਕ, ਕੰਨ, ਦਿਲ, ਜਿਗਰ, ਨਾੜੀਆਂ ਆਦਿ ਚੜ੍ਹਾ ਦੇਣ।

ਤੁਹਾਡੇ ਕਾਰਨ ਪਰਮਾਤਮਾ ਨਹੀਂ ਹੈ, ਪਰਮਾਤਮਾ ਦੇ ਕਾਰਨ ਤੁਸੀਂ ਹੋ। ਇਹ ਸੁਆਸ ਤੁਹਾਡੇ ਕਾਰਨ ਨਹੀਂ ਚੱਲ ਰਹੀ, ਉਸਦੇ ਕਾਰਣ ਚੱਲ ਰਹੀ ਹੈ। ਸੁਆਸਾਂ ਦੀ ਲੜੀ ਖਤਮ ਹੋਣ ਤੋਂ ਬਾਅਦ ਪਰਮਾਤਮਾ ਦੇ ਦਰ ਤੇ ਇੱਜ਼ਤ, ਸ਼ੋਭਾ ਵੀ ਹੁਕਮ ਅਨੁਸਾਰ ਮਿਲਦੀ ਹੈ।

ਕਰਤਾ ਪੁਰਖ ਹੀ ਛੋਟੇ ਵਡੇ ਨੂੰ ਜਨਮ ਦੇ ਰਿਹਾ ਹੈ। ਜੇਕਰ ਉਹ ਹੀ ਛੋਟੇ-ਵਡੇ ਨੂੰ ਜਨਮ ਦੇ ਰਿਹਾ ਹੈ ਤਾਂ ਕੋਈ ਛੋਟਾ-ਵਡਾ ਨਹੀ, ਕਿਉਂਕਿ ਦੋਹਾਂ ਨੂੰ ਬਨਾਉਣ ਵਾਲਾ ਉਹ ਹੀ ਹੈ। ਪਰ ਮੱਨੁਖ ਸੋਚਦਾ ਹੈ ਮੈਂ ਛੋਟਾ, ਮੈਂ ਵੱਡਾ ਅਤੇ ਜੀਵਨ ਭਰ ਦੁੱਖ ਉਠਾਉਂਦਾ ਹੈ। ਲੇਕਿਨ, ਜੇ ਕਰ ਮੱਨੁਖ ਨਿਰਾਕਾਰ ਦਾ ਹੱਥ ਆਪਣੇ ਆਕਾਰ ਵਿੱਚ ਦੇਖੇ, ਤਦ ਉਸੇ ਪੱਲ ਉਹ ਵੱਡਾ ਹੋ ਜਾਂਦਾ ਹੈ। ਬਨਾਉਣ ਵਾਲਾ ਉਹੀ ਹੈ। ਇਕ ਨਿੱਕੇ ਜਿਹੇ ਤਿਨਕੇ ਨੂੰ ਵੀ ਉਹ ਹੀ ਬਨਾਉਂਦਾ ਹੈ ਅਤੇ ਅਸਮਾਨ ਛੋਂਹਦੇ ਦੇਵਦਾਰ ਦੇ ਰੁੱਖ, ਪਹਾੜਾਂ ਨੂੰ ਵੀ। ਜੇਕਰ ਦੋਹਾਂ ਦੇ ਪਿਛੇ ਉਸੇ ਦਾ ਹੱਥ ਹੈ, ਤਾਂ ਕੋਣ ਵੱਡਾ ਕੋਣ ਛੋਟਾ? ਉਸੇ ਦੀ ਹਾਰ ਹੈ, ਉਸੇ ਦੀ ਜਿੱਤ। ਫਿਰ ਅਸੀਂ ਤਾਂ ਸਿਰਫ ਮੋਹਰੇ ਹਾਂ।

ਹੁਕਮ ਨਾਲ ਹੀ ਸੁੱਖ-ਦੁੱਖ ਦੀ ਪ੍ਰਾਪਤੀ ਹੁੰਦੀ ਹੈ। ਪਤੀ ਦੁੱਖੀ ਹੈ, ਤਾਂ ਸੋਚਦਾ ਹੈ ਪਤਨੀ ਜ਼ਿੰਮੇਵਾਰ ਹੈ। ਪਤਨੀ ਦੁੱਖੀ ਹੈ, ਤਾਂ ਸੋਚਦੀ ਹੈ ਪਤੀ ਜ਼ਿੰਮੇਵਾਰ ਹੈ, ਪਿਉ ਦੁੱਖੀ ਹੈ ਤਾਂ ਸੋਚਦਾ ਹੈ ਪੁਤਰ ਜ਼ਿੰਮੇਵਾਰ ਹੈ। ਜੇਕਰ ਜ਼ਿੰਮੇਵਾਰੀ ਦੇਣੀ ਹੈ, ਤਾਂ ਪਰਮਾਤਮਾ ਨੂੰ ਦਿਉ। ਜਦ ਤੁਸੀਂ ਦੁੱਖੀ ਹੁੰਦੇ ਹੋ, ਤਾਂ ਆਲੇ-ਦੁਆਲੇ ਜ਼ਿੰਮੇਵਾਰੀ ਕਿਸੇ ਦੇ ਮੋਢੇ ਉਤੇ ਦੇਂਦੇ ਹੋ। ਅਤੇ ਜਦੋਂ ਸੁੱਖੀ ਹੋ ਤਦ ਤੁਸੀਂ ਖੁਦ ਮੰਨਦੇ ਹੋ, ਕਿ ਮੇਰੇ ਹੀ ਕਾਰਣ ਮੈਂ ਸੁੱਖੀ ਹਾਂ। ਇਹ ਤਰਕ ਕਿਹੜੀ ਕਿਸਮ ਦਾ ਹੈ ? ਸੁੱਖੀ ਹੋਵੋ ਤਾਂ ਤੁਸੀਂ ਆਪਣੇ ਕਾਰਣ, ਦੁੱਖੀ ਹੋਵੋ ਤਾਂ ਕਿਸੇ ਦੇ ਕਾਰਣ! ਇਸ ਕਾਰਣ ਨਾਲ ਤਾਂ ਨਾ ਤੁਸੀਂ ਦੁੱਖ ਨੂੰ ਦੂਰ ਕਰ ਸਕੋਗੇ ਅਤੇ ਨਾਂ ਸੁੱਖ ਦਾ ਭੇਦ ਲੱਭ ਸਕੋਗੇ। ਕਿਉਂਕਿ ਦੋਹਾਂ ਹਾਲਤਾਂ ਵਿੱਚ ਤੁਸੀਂ ਗਲਤ ਹੋ। ਨਾ ਤਾਂ ਦੂਜਾ ਜ਼ਿੰਮੇਵਾਰ ਹੈ ਦੁੱਖ ਦੇ ਲਈ ਅਤੇ ਨਾ ਤੁਸੀਂ ਜ਼ਿੰਮੇਵਾਰ ਹੋ ਸੁੱਖ ਦੇ ਲਈ। ਦੋਹਾਂ ਦੇ ਪਿਛੇ ਪਰਮਾਤਮਾ ਜ਼ਿੰਮੇਵਾਰ ਹੈ। ਜੇਕਰ ਇੱਕ ਹੀ ਹੱਥੋਂ ਸੁੱਖ-ਦੁੱਖ ਆਏ ਹਨ ਤਾਂ ਉਨ੍ਹਾਂ ਚ' ਭੇਦ, ਫਰਕ ਕੀ ਕਰਨਾ?

ਜਿਸ ਦਿਨ ਤੁਹਾਨੂੰ ਵਿਖਾਈ ਦੇਵੇਗਾ ਕਿ ਦੁੱਖ ਵੀ ਉਸਦਾ ਤੇ ਸੁੱਖ ਵੀ ਉਸਦਾ, ਦੋਹਾਂ ਦਾ ਰੂਪ ਗੁਆਚ ਜਾਵੇਗਾ। ਨਾ ਸੁੱਖ, ਸੁੱਖ ਜਿਹਾ ਲਗੇਗਾ ਨਾ ਦੁੱਖ, ਦੁੱਖ ਵਰਗਾ ਲਗੇਗਾ। ਸਾਰੇ ਦੋਸ਼ਾਂ ਦਾ ਮਾਲਿਕ ਉਹ ਹੈ। ਅਤੇ ਜਦੋਂ ਖੁਸ਼ੀ ਆਏ, ਸਫਲਤਾ ਮਿਲੇ ਤਾਂ ਆਪਣੇ ਹੰਕਾਰ ਨੂੰ ਕਦੇ ਨਾਂ ਭਰਨਾਂ। ਸਾਰੀ ਅਸਫਲਤਾਵਾਂ ਅਤੇ ਸਵਾਦਲੇ ਫੱਲਾਂ ਦਾ ਮਾਲਿਕ ਵੀ ਉਹੀ ਹੈ। ਤੁਸੀਂ ਸਾਰਾ ਉਸ ਉਤੇ ਛੱਡ ਦਿਉ। ਜਦ ਤੁਹਾਨੂੰ ਸੁੱਖ-ਦੁੱਖ ਦਾ ਦਵੈਤ ਨਹੀਂ ਰਹਿ ਜਾਂਦਾ, ਤਦ ਅਦਵੈਤ ਉਤਰਦਾ ਹੈ। ਤਦ ਤੁਸੀਂ ਆਨੰਦ ਵਿੱਚ ਪਹੁੰਚ ਜਾਂਦੇ ਹੋ।

ਜਿਸਨੇ ਇਹ ਸਾਰ ਸਮਝ ਲਿਆ ਕਿ ਸੱਭ ਉਸਦਾ ਹੈ ਤਾਂ "ਮੈਂ" ਕਹਿਣ ਨੂੰ ਬੱਚਦਾ ਹੀ ਕੋਣ ਹੈ? ਪਰ ਇਹ ਗਿਆਨ ਵੀ ਉਸਦੇ ਹੁਕਮ ਨਾਲ ਹੁੰਦਾ ਹੈ। ਜਿਸਨੂੰ ਉਹ ਇਹ ਗਿਆਨ ਨਹੀਂ ਬਖ਼ਸ਼ਦਾ ਉਹ ਪੁਨਰਜਨਮ ਵਿੱਚ ਭਟਕਦਾ ਹੈ।

ਕੋਈ ਗਾਲ੍ਹਾਂ ਕੱਢਦਾ ਹੈ ਹੰਕਾਰ ਨੂੰ ਦੁੱਖ ਹੁੰਦਾ ਹੈ, ਤੁਸੀਂ ਛਡਨਾ ਚਾਂਹੁੰਦੇ ਹੋ। ਪਰ ਕੋਈ ਫੁੱਲਾਂ ਦਾ ਹਾਰ ਪਹਿਨਾਉਂਦਾ ਹੈ ਤਦ ਹੰਕਾਰ ਨੂੰ ਸੁੱਖ ਮਿਲਦਾ ਹੈ। ਹੰਕਾਰ ਅੱਧਾ ਤੁਸੀਂ ਛਡਨਾ ਚਾਂਹੁੰਦੇ ਹੋ, ਅੱਧਾ ਬਚਾਉਣਾ ਚਾਂਹੁੰਦੇ ਹੋ। ਦੋਵੇਂ ਹੀ ਨਾਲ-ਨਾਲ ਜਾਵਣਗੇ। ਇਕ ਹੀ ਸਿੱਕੇ ਦੇ ਦੋ ਪਾਸੇ ਹਨ। ਇਕ ਪਾਸੇ ਨੂੰ ਤੁਸੀਂ ਬਚਾਉਣਾ ਚਾਂਹੁੰਦੇ ਹੋ, ਦੂਜੇ ਨੂੰ ਸੁੱਟ ਦੇਣਾ ਚਾਂਹੁੰਦੇ ਹੋ। ਇਹ ਕਿਵੇਂ ਹੋਵੇਗਾ?

ਹੰਕਾਰ ਨੂੰ ਸਮਝੋ। ਸੁੱਖ ਵੀ ਉਹੀ ਦੇਂਦਾ ਹੈ, ਦੁੱਖ ਵੀ ਉਹ ਹੀ ਦੇਂਦਾ ਹੈ। ਅਤੇ ਤੁਸੀਂ ਜੇਕਰ ਦੋਵੇਂ ਹੀ ਪਰਮਾਤਮਾ ਉਤੇ ਛੱਡ ਦਿਉ ਜਿੱਥੇ ਕਿ ਸੱਚਾ ਸਰੋਤ ਹੈ ਜੀਵਨ ਦਾ, ਤਾਂ ਤੁਹਾਡੀ "ਮੈਂ" ਨੂੰ ਬਚਣ ਦੀ ਥਾਂ ਕਿਥੇ ਰਹਿ ਜਾਏਗੀ। ਤੁਸੀਂ ਕਿਵੇਂ ਕਹੋਗੇ ਮੈਂ ਹਾਂ।

"ਮੈ" ਕਰਮਾਂ ਦਾ ਜੋੜ ਹੈ। ਮੈਂ ਕੋਈ ਚੀਜ ਨਹੀਂ ਹੈ, ਇਸਦਾ ਆਪਣਾ ਕੋਈ ਨਿਰਪੇਖ ਵਜੂਦ ਨਹੀਂ ਹੈ । ਤੁਹਾਡਾ ਅਤੀਤ, ਤੁਸੀਂ ਜੋ-ਜੋ ਕੀਤਾ ਹੈ, ਉਸਦਾ ਜੋੜ ਹੰਕਾਰ ਹੈ। ਜੇਕਰ ਸਾਰਾ ਕਰਮ ਤੁਸੀਂ ਛੱਡ ਦਿਉ, ਅਤੇ ਤੁਸੀਂ ਕਹਿ ਦਿਉ " ਤੂੰ ਕਰਤਾ ਪੁਰਖ ਹੈਂ ਮੈਂ ਕੇਵਲ ਜ਼ਰਿਆ ਹਾਂ"। ਫਿਰ ਕਿਵੇਂ ਦਾ ਹੰਕਾਰ। ਜੋ ਉਸਨੇ ਕਰਵਾਇਆ ਉਹ ਮੈਂ ਕੀਤਾ। ਜੋ ਉਸਨੇ ਨਹੀਂ ਕਰਵਾਇਆ ਉਹ ਮੈਂ ਨਹੀ ਕੀਤਾ। ਨਾ ਤਾਂ ਤੁਸੀ ਸੋਚੋ ਕਿ ਪੁੰਨ ਮੈਂ ਕੀਤਾ ਹੈ, ਅਤੇ ਨਾ ਤਾਂ ਤੁਸੀ ਸੋਚੋ ਕਿ ਪਾਪ ਮੈਂ ਕੀਤਾ ਹੈ। "ਮੈਂ ਕੀਤਾ ਹੈ" ਇਹ ਹੀ ਗੱਲ ਭੁਲੇਖਾ ਹੈ। ਇਹੋ ਹੀ ਅਗਿਆਨ ਹੈ - "ਮੈਂ ਕੀਤਾ ਹੈ" ਅਤੇ ਇਕ ਹੀ ਗਿਆਨ ਹੈ, "ਕਰਤਾ ਪੁਰਖ"। ਉਹ ਕਰਤਾ ਪੁਰਖ ਹੈ, ਮੈ ਤਾਂ ਕੇਵਲ ਜ਼ਰਿਆ ਹਾਂ। ਹੁਕਮ ਤੋਂ ਬਾਹਰ ਕੋਈ ਵੀ ਨਹੀਂ ਹੈ, ਸੱਭ ਕੋਈ ਹੁਕਮ ਦੇ ਅੰਦਰ ਹਨ।

ਗੁਰੂ ਨਾਨਕ ਸਾਹਿਬ ਕਹਿੰਦੇ ਹਨ ਜਦੋਂ ਮਨੁੱਖ ਨੂੰ ਪਰਮਾਤਮਾ ਦੇ **ਕਰਤਾ ਪੁਰਖ** ਹੋਣ ਦਾ ਅਨੁਭਵ ਹੁੰਦਾ ਹੈ ਤਾਂ ਉਸ ਦੇ ਅੰਦਰੋ ਹਉਮੈ ਮਿਟ ਜਾਂਦੀ ਹੈ।

# LESSON 2

Central Idea: How to Annihilate Ego

Whatever happening in this world is all the show of One Universal Creator. The entire show is run by Him through His Command. As the Commander is beyond our understanding, we cannot describe Him, similarly we can't describe His Command also. But Guru Nanak has given some references of whatever happening by His command:-

Commander is formless. But all seen and unseen forms are formed by His Command. When a man has to make some product then first he works on the drawings of that product. Then as per drawings, framework is prepared. After the framework is ready parts are imported. The product is ready when all the parts are fitted into the framework. But the entire show of One Universal Creator is full of miracles, wonders. All the forms whether of a living beings or vegetation came from the Formless Commander according to His Command. All the invaluable parts which are required to be fitted are framed to design according to the command of the Formless Commander. The invaluable parts are not imported from any market or sourced from outside instead they are created by the Formless Commander from Land, Air, Water, Fire and Ether only.

Man's negligible intelligence and capacity to think is so limited that he thinks we have born from our parents but the truth is that we pass through them not born from them. They are the path of your coming. They do not bestow the life on you. You have passed through them because they are in a capacity to nourish you. And that capacity is also bestowed by the One Universal Creator. But what has entered into your body has come from beyond in accordance with Command of One Universal Creator.

Leave the man aside, what intelligence, arrangements the animals have first they form the design and then fit with them the eyes, nose, ear, heart, liver, veins etc.

One Universal Creator is not because of you; you are because of Him. Your breath flows from Him; not because of you. After the series of breath comes to halt, honour and glory is also obtained at His house as per His command.

One Universal Creator has created all things great and small. If He has created all things great and small, then no one is big, no one is small, because all are His creations. But a man thinks I am great, I am small and suffer throughout his life. As soon as a man begin to see the hand of the Formless within himself, he immediately becomes great. The creator is one. He who makes the lowliest straw also creates the majestic pine tree, mountains that seem to touch the skies! If the hand behind both is one and the same, who is great and who is small? The victory is His, the defeat is His. We are just pawns.

Pain and pleasures are received by Divine Order. When the husband is unhappy he blames his wife, when the wife is unhappy she lays the blame on her husband. The father holds the son responsible for his unhappiness. If you must hold someone responsible, let it be the Divine Order. When you are grieving then you put the blame in and around on someone's shoulders. And when you are happy you take the credit for entirely for yourself. What logic is this? Happiness is on your own account, but unhappiness you put it on another's account! This is why you can neither overcome your sufferings nor unravel the secret of happiness, because you are wrong on both counts; neither is the other responsible for your sufferings nor are you responsible for your happiness. God alone is responsible for both. And if joy and sorrow come to you from the same hand, why make a difference between the two?

The day this wisdom dawns on you that both joy and sorrow are given by Him, they lose their impact. Then neither happiness will raise you up nor sorrow produce pain. All allegations are on His account. When joy, success appears do not filled up with pride. All unsuccessfulness and tasty fruits are on His account. Leave it all on His alone. When the duality of joy and sorrow ceases, the indivisible descends and you are filled with bliss!

Once you understand the essential, that all is His, there is no one left to say “I”. But this enlightenment is also as per His Command. Those who are not enlightened as per His Command wander in reincarnation.

When a person abuses you, your ego feels hurt and you want to be free of it. When praise comes and the ego feels nourished. You want to preserve your happiness and to get rid of unhappiness. If they stay, they remain together; if they go, they depart together. They are the two sides of the same coin. You want to throw away one side and keep the other. How that is possible?

Understand the plight of the ego. Both sorrow and joy came from it. If you leave both sorrow and joy to God, who is the authentic source of all life, your ego has no place to stand. Then how will you say, “I am”?

“I” is nothing but a collection of all your actions. It is not an object, and has no independent existence. “I” is the sum total of whatever you have done in the past. If you let go of the doer ship and say, “You are the doer, I am only an instrument,” then where is the ego? Then whatever He directs, you do; whatever He does not direct, you do not do. Don’t think it is you who has done the good deed nor that it is you who has committed the sin. The very concept ’I have done’ is an error, a mistake. There is only one ignorance; it lies in the belief that ”I have done...”. There is only one wisdom; it consists in recognizing the ultimate creator. The creator does everything; I am only the means, the instrument. There is no one and nothing outside of the divine order. Everything resides within it.

Guru Nanak says when a feeling of **One Universal Creator** penetrated in man’s understanding; he becomes free from his self.